Transport for NSW

# ਸੜਕ ਸੁਰੱਖਿਆ



## ਬੱਸ ਵਿੱਚ ਸੀਟਬੈਲਟ ਸੁਰੱਖਿਆ

### ਸੀਟਬੈਲਟ ਜਾਨ ਬਚਾਉਂਦੀ ਹੈ

ਜੇਕਰ ਕਿਸੇ ਬੱਸ ਵਿੱਚ ਸੀਟਬੈਲਟਾਂ ਹਨ ਤਾਂ ਇਨ੍ਹਾਂ ਨੂੰ ਲਗਾਉਣਾ **ਕਾਨੂੰਨ** ਹੈ। ਸੀਟਬੈਲਟ ਪਹਿਨਣ ਨਾਲ ਹਾਦਸੇ ਵਿੱਚ ਬਚਣ ਦੀ ਸੰਭਾਵਨਾ ਦੁੱਗਣੀ ਹੋ ਜਾਂਦੀ ਹੈ ਅਤੇ ਸੱਟ ਲੱਗਣ ਦਾ ਖ਼ਤਰਾ ਘੱਟ ਜਾਂਦਾ ਹੈ।

ਬੱਸ ਵਿੱਚ, ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਆਪਣੀ ਸੀਟ ‘ਤੇ ਬੈਠੋ ਅਤੇ ਸਹੀ ਢੰਗ ਨਾਲ ਲਗਾਈ ਅਤੇ ਸੈੱਟ ਕੀਤੀ ਗਈ ਸੀਟਬੈਲਟ ਪਹਿਨੋ।

### ਸੀਟਬੈਲਟ ਸਹੀ ਢੰਗ ਨਾਲ ਪਹਿਨੋ

ਸੀਟਬੈਲਟ ਦਾ ਗੋਦੀ ਵਾਲਾ ਹਿੱਸਾ ਤੁਹਾਡੇ ਲੱਕ ਦੇ ਹੱਡੀਆਂ ਵਾਲੇ ਹਿੱਸੇ ‘ਤੇ ਸਿੱਧਾ ਹੋਣਾ ਚਾਹੀਦਾ ਹੈ ਅਤੇ ਸੈਸ਼ ਤੁਹਾਡੇ ਛਾਤੀ ਅਤੇ ਮੋਢੇ ਦੇ ਵਿਚਕਾਰ ਤੋਂ ਪਾਰ ਹੋਣੀ ਚਾਹੀਦੀ ਹੈ।

ਹਮੇਸ਼ਾ ਯਕੀਨੀ ਬਣਾਓ ਕਿ ਤੁਸੀਂ ਆਪਣੀ ਸੀਟਬੈਲਟ ਨੂੰ ਮਜ਼ਬੂਤੀ ਨਾਲ ਸੈੱਟ ਕੀਤਾ ਹੋਇਆ ਹੈ।

### ਸੀਟਬੈਲਟ ਕਿਉਂ ਜ਼ਰੂਰੀ ਹੈ?

ਕਿਸੇ ਵੀ ਵਾਹਨ ਵਿੱਚ ਸੀਟਬੈਲਟ ਪਹਿਨਣਾ ਹਾਦਸੇ ਦੀ ਸਥਿਤੀ ਵਿੱਚ ਤੁਹਾਡੀ ਸੁਰੱਖਿਆ ਵਿੱਚ ਕਰਨ ਵਿੱਚ ਮੱਦਦ ਕਰਦੀ ਹੈ।

ਹਾਦਸੇ ਵਿੱਚ, ਸੀਟਬੈਲਟ:

- ਸਰੀਰ ਨੂੰ ਗੱਡੀ ਜਿੰਨ੍ਹੀ ਰਫ਼ਤਾਰ ਨਾਲ ਹੀ ਹੌਲੀ ਕਰਨ ਵਿੱਚ ਮੱਦਦ ਕਰਦੀ ਹੈ
- ਟੱਕਰ ਦੇ ਝਟਕੇ ਨੂੰ ਸਰੀਰ ਦੇ ਮਜ਼ਬੂਤ ਹਿੱਸਿਆਂ (ਪੇਡੂ ਅਤੇ ਛਾਤੀ) ਵਿੱਚ ਵੰਡਦੀ ਹੈ
- ਯਾਤਰੀਆਂ ਦੇ ਇੱਕ ਦੂਜੇ ਨਾਲ ਜਾਂ ਵਾਹਨ ਦੇ ਅੰਦਰਲੇ ਹਿੱਸਿਆਂ ਨਾਲ ਟਕਰਾਉਣ ਦੇ ਖ਼ਤਰੇ ਨੂੰ ਘਟਾਉਂਦੀ ਹੈ
- ਡਰਾਈਵਰ ਜਾਂ ਯਾਤਰੀਆਂ ਦੇ ਵਾਹਨ ਤੋਂ ਡਿੱਗਣ ਦੇ ਖ਼ਤਰੇ ਨੂੰ ਘਟਾਉਂਦੀ ਹੈ

**ਹਮੇਸ਼ਾ ਸੀਟਬੈਲਟ ਨੂੰ ਸੁਰੱਖਿਅਤ ਢੰਗ ਨਾਲ ਲਗਾਓ।**

ਸੀਟਬੈਲਟਾਂ ਬਾਰੇ ਹੋਰ ਜਾਣਕਾਰੀ ਲਈ, **transport.nsw.gov.au/seatbelts** ‘ਤੇ ਜਾਓ।




ਸਟਾਕ ਕੋਡ 45095301 ਜੂਨ 2024 © Transport for NSW

NSW GOVERNMENT

NSW ਦੀਆਂ ਸੜਕਾਂ ‘ਤੇ ਬਹੁਤ ਸਾਰੀਆਂ ਜਾਨਾਂ ਗਈਆਂ ਹਨ।
**ਸਾਡਾ ਟੀਚਾ ਜ਼ੀਰੋ ਹੈ।**

TOWARDS ZERO